# ਬੱਚਿਆਂ ਲਈ ਬਾਈਬਲ
## ਉਪੱਸਥਿਤ

# ਯਸਾਯਾਹ ਭਵਿੱਖ ਵੇਖਦਾ ਹੈ




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Mary-Anne S.



ਕਹਾਣੀ 27 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਯਸਾਯਾਹ ਇੱਕ ਨਬੀ ਸੀ। ਉਸਦਾ ਕੰਮ ਸੀ ਕੀ ਜੋ ਪਰਮੇਸ਼ਵਰ ਨੇ ਕਿਹਾ ਲੋਕਾਂ ਨੂੰ ਦੱਸੇ।






ਲੋਕ ਹਮੇਸ਼ਾਂ ਪਰਮੇਸ਼ਵਰ ਦਾ ਵਚਨ ਨਹੀ ਸੁਨਣਾ ਚਾਹੁੰਦੇ ਸਨ, ਪਰ ਯਸਾਯਾਹ ਨੇ ਕਦੀ ਵੀ ਪਰਮੇਸ਼ਵਰ ਨੂੰ ਨੀਵਾਂ ਨਾਂ ਕਰਨ ਦਿੱਤਾ। ਯਸਾਯਾਹ ਨੇ ਚਾਰ ਅਲੱਗ ਅਲੱਗ ਪਾਤਸ਼ਾਹੀਆਂ ਵਿੱਚ ਪਰਚਾਰ ਕੀਤਾ।




ਬਾਦਸ਼ਾਹ ਉਜਿਆਹ ਯਹੂਦਾ ਦੀ ਧਰਤੀ ਤੇ ਯਰੂਸ਼ਲਮ ਸ਼ਹਿਰ ਤੋਂ ਰਾਜ ਕਰਦਾ ਸੀ। ਪਹਿਲਾਂ, ਪਰਮੇਸ਼ਵਰ ਨੇ ਉਜਿਆਹ ਨੂੰ ਆਸ਼ੀਸ਼ ਦਿੱਤੀ ਕਿਉਂਕਿ ਉਸਨੇ ਉਹ ਕੀਤਾ ਜਿਹੜਾ ਪਰਮੇਸ਼ਵਰ ਦੀ ਨਜ਼ਰ ਵਿੱਚ ਠੀਕ ਸੀ। ਪਰ ਉਜਿਆਹ ਨੂੰ ਘਮੰਡ ਹੋ ਗਿਆ ਅਤੇ ਉਸਨੇ ਪਰਮੇਸ਼ਵਰ ਦੀ ਆਗਿਆ ਨੂੰ ਮੰਨਣਾ ਛੱਡ ਦਿੱਤਾ। ਉਸ ਨੂੰ ਕੋੜ੍ਹ ਹੋ ਗਿਆ ਅਤੇ ਜਦ ਤੱਕ ਉਹ ਨਹੀ ਮਰੇਗਾ ਇਕੱਲਾ ਹੀ ਰਹਿਣਾ ਸੀ।
3
ਬਾਦਸ਼ਾਹ ਉਜਿਆਹ ਨੇ ਸੱਠ ਸਾਲ (60) ਤੱਕ ਰਾਜ ਕੀਤਾ। ਜਦ ਉਹ ਮਰ ਗਿਆ, ਉਸਦੇ ਪੁੱਤਰ ਜੋਥਾਮ ਨੇ ਉਸਦੀ ਜ੍ਹਗਾ ਲਈ ਅਤੇ ਸਤਾਰਾਂ ਸਾਲ (17) ਤੱਕ ਰਾਜ ਕੀਤਾ। ਪਰਮੇਸ਼ਵਰ ਨੇ ਜੋਥਾਮ ਨੂੰ ਆਸ਼ੀਸ਼ ਦਿੱਤੀ ਕਿਉਂਕਿ ਜੋ ਪਰਮੇਸ਼ਵਰ ਨੇ ਯਸਾਯਾਹ ਅਤੇ ਦੂਜੇ ਨਬੀਆਂ ਦੁਆਰਾ ਕਿਹਾ ਉਸਨੂੰ ਸੁਣਿਆ।
4
ਬਾਦਸ਼ਾਹ ਜੋਥਾਮ ਦਾ ਪੁੱਤਰ ਆਹਾਜ਼ ਸੀ। ਅਹਾਜ਼ ਵੀਹ ਸਾਲਾਂ (20) ਦਾ ਸੀ ਜਦੋਂ ਉਸਨੇ ਰਾਜ ਕਰਨਾ ਸੁਰੂ ਕੀਤਾ, ਅਤੇ ਉਸਨੇ ਸੋਲਹਾਂ ਸਾਲ (16) ਤੱਕ ਯਰੂਸ਼ਲਮ ਵਿੱਚ ਰਾਜ ਕੀਤਾ। ਉਸਨੇ ਬੁੱਤਾਂ ਦੀ ਅਤੇ ਝੂਠੇ ਦੇਵਤਿਆਂ ਦੀ ਉਪਾਸਨਾਂ ਕੀਤੀ, ਅਤੇ ਬਹੁਤ ਸਾਰੇ ਪਰਮੇਸ਼ਵਰ ਦੇ ਲੋਕਾਂ ਦੀ ਉਹੀ ਕਰਨ ਦੀ ਅਗਵਾਈ ਕੀਤੀ।ਇੱਥੋਂ ਤੱਕ ਯਸਾਯਾਹ ਨੇ ਉਸਨੂੰ ਚੇਤਾਵਨੀ ਦਿੱਤੀ, ਅਹਾਜ਼ ਨੇ ਪਰਮੇਸ਼ਵਰ ਦੀ ਚੇਤਾਵਨੀ ਨੂੰ ਨਾ ਸੁਣਿਆ।
5
ਪਰਮੇਸ਼ਵਰ ਨੇ ਅਗਲੇ ਬਾਦਸ਼ਾਹ ਨੂੰ ਆਸ਼ੀਸ਼ ਦਿੱਤੀ, ਹਿਜ਼ਕੀਆਹ, ਕਿਉਂਕਿ ਉਸਨੇ ਸਾਰੇ ਝੂਠੇ ਦੇਵਤਿਆਂ ਅਤੇ ਬੁੱਤਾਂ ਨੂੰ ਕੱਢ ਦਿੱਤਾ, ਅਤੇ ਸੱਚੇ ਪਰਮੇਸ਼ਵਰ ਦੇ ਅੱਗੇ ਪ੍ਰਾਥਨਾ ਕੀਤੀ। ਜਦ ਦੁਸ਼ਮਣਾਂ ਦੀ ਸੈਨਾਂ ਨੇ ਯਹੂਦਾ ਉੱਤੇ ਹਮਲਾ ਕੀਤਾ, ਹਿਜ਼ਕੀਆਹ ਜਾਣ ਗਿਆ ਕੀ ਉਸਦੀ ਸੈਨਾਂ ਜਿੱਤਣ ਲਈ ਬਹੁਤ ਕਮਜ਼ੋਰ ਹੈ। ਉਸਨੇ ਯਸਾਯਾਹ ਨੂੰ ਪਰਮੇਸ਼ਵਰ ਦੀ ਮਦਦ ਲਈ ਪ੍ਰਾਥਨਾਂ ਕਰਨ ਲਈ ਕਿਹਾ।
6
ਯਸਾਯਾਹ ਨੇ ਬਾਦਸ਼ਾਹ ਨੂੰ ਆਪਣਾ ਸੰਦੇਸ਼ ਘੱਲਿਆ। "ਪਰਮੇਸ਼ਵਰ ਨੇ ਇਹ ਜੋ ਕਿਹਾ ਹੈ: ਇਹਨਾਂ ਦੁਸ਼ਮਣਾਂ ਤੋਂ ਨਾ ਡਰ … ਮੈਂ ਉਸਨੂੰ ਡਿੱਗਣ ਦਾ ਕਾਰਨ ਬਣਾਵਾਂਗਾ …" ਉਸਦੇ ਜਲਦ ਬਾਅਦ ਪਰਮੇਸ਼ਵਰ ਨੇ ਦੁਸ਼ਮਣ ਦੀ ਸੈਨਾਂ ਨੂੰ ਬਿਨਾਂ ਹਿਜ਼ਕੀਆਹ ਨਾਲ ਲੜੇ ਜਾਣ ਲਈ ਮਜ਼ਬੂਰ ਕਰ ਦਿੱਤਾ।
7
ਭਾਂਵੇ ਉਸਦੇ ਆਸ ਪਾਸ ਦੇ ਲੋਕ ਪਰਮੇਸ਼ਵਰ ਦੇ ਬਾਰੇ ਜਿਆਦਾ ਨਹੀ ਸੋਚਦੇ ਸਨ,
ਯਸਾਯਾਹ ਨੇ ਇਸਦੇ ਬਾਰੇ ਬਹੁਤ ਸੋਚਿਆ। ਇੱਕ ਦਿਨ, ਉਸਨੇ ਇੱਕ ਦਰਸ਼ਨ ਦੇਖਿਆ, ਉਹ ਇੱਕ ਸੁਫ਼ਨੇ ਦੀ ਤ੍ਹਰਾਂ ਸੀ ਜਦ ਤੁਸੀ ਸੁੱਤੇ ਨਾ ਹੋਵੋ। ਦਰਸ਼ਨ ਦੇ ਵਿੱਚ, ਯਸਾਯਾਹ ਨੇ ਵੇਖਿਆ ਕੀ ਪਰਮੇਸ਼ਵਰ ਕਿੰਨਾਂ ਜਲਾਲੀ ਅਤੇ ਪਵਿੱਤਰ ਹੈ।
8


"ਮੈਂ ਕਿਹ ਨੂੰ ਘੱਲਾਂ"
ਪਰਮੇਸ਼ਵਰ ਨੇ ਦਰਸ਼ਨ ਵਿੱਚ
ਪੁੱਛਿਆ। "ਮੈਂ ਹਾਜ਼ਰ ਹਾਂ।
ਮੈਨੂੰ ਘੱਲ," ਯਸਾਯਾਹ ਨੇ
ਉੱਤਰ ਦਿੱਤਾ। ਉਹ ਆਪਣੀ
ਇੱਛਾ ਨਾਲ ਜੋ ਕੁਝ ਪਰਮੇਸ਼ਵਰ
ਨੇ ਕਿਹਾ, ਅਤੇ ਜਿੱਥੇ ਉਹ ਭੇਜੇ
ਜਾਣ ਲਈ ਤੈਆਰ ਸੀ।
9


ਸ਼ਾਇਦ ਯਸਾਯਾਹ ਨੇ ਸੋਚਿਆ ਕੀ ਪਰਮੇਸ਼ਵਰ ਉਸ ਨੂੰ ਦੂਰ
ਉਹਨਾਂ ਲੋਕਾਂ ਵਿੱਚ ਘੱਲੇਗਾ ਜਿਹਨਾਂ ਨੇ ਪਰਮੇਸ਼ਵਰ ਦੇ ਬਾਰੇ
ਸੁਣਿਆ ਨਹੀ। ਪਰ ਨਹੀ, ਪਰਮੇਸ਼ਵਰ ਨੇ ਉਹ ਨਹੀ ਕੀਤਾ।
10


ਪਰਮੇਸ਼ਵਰ ਨੇ ਯਸਾਯਾਹ ਨੂੰ ਉਸਦੇ ਆਪਣੇ ਦੇਸ਼ ਵਿੱਚ ਉਸਦੇ
ਆਪਣੇ ਲੋਕਾਂ ਨਾਲ ਬੋਲਣ ਲਈ ਕਿਹਾ। ਉਸਨੇ ਉਹਨਾਂ ਨੂੰ
ਦੱਸਣਾ ਸੀ ਕੀ ਪਰਮੇਸ਼ਵਰ ਤੁਹਾਡੇ ਪਾਪਾਂ ਦੇ ਉੱਤੇ ਗੁੱਸੇ ਹੈ।
11


ਉੱਥੇ ਯਸਾਯਾਹ ਕੋਲ ਹੋਰ ਕੁਝ ਵੀ ਲੋਕਾ ਨੂੰ ਦੱਸਣ ਲਈ ਸੀ –
ਇੱਕ ਮਨੁੱਖ ਦੇ ਬਾਰੇ ਅਦਭੁਤ ਚੀਜ ਜੋ ਇੱਕ ਤਾਕਤਵਰ ਛੁਡਾਉਣ ਵਾਲਾ
ਅਤੇ ਸਾਰਿਆਂ ਪਾਪਾਂ ਤੋਂ ਅਤੇ ਉਹਨਾਂ ਦੇ ਸਾਰੇ ਦੁਸ਼ਮਣਾਂ ਤੋ ਬਚਾਉਣ ਲਈ
ਆਵੇਗਾ।
12


ਯਹੂਦੀ ਲੋਕ ਉਸ ਮਨੁੱਖ ਨੂੰ "ਮਸੀਹਾ" ਬੁਲਾਉਂਦੇ ਸਨ। ਉਹਨਾਂ ਦੀ
ਉਮੀਦ ਇੱਥੋਂ ਤੱਕ ਸੀ ਪਰਮੇਸ਼ਵਰ ਮਸੀਹਾ ਨੂੰ ਭੇਜੇਗਾ, ਬਹੁਤ ਲੋਕ ਇਸ
ਵਿੱਚ ਜੀਉਂਦੇ ਸਨ ਕੇ ਉਹ ਕਦੀ ਨਹੀ ਆਵੇਗਾ।
13


ਜੋ ਕੁਝ ਵੀ ਯਸਾਯਾਹ
ਨੇ ਮਸੀਹਾ ਦੇ ਬਾਰੇ
ਆਖਿਆ ਉਹ
ਸਭ ਕਿਤਾਬ ਵਿੱਚ
ਲਿਖਿਆ ਹੈ। ਭਾਵੇਂ
ਉਸਨੇ ਇਹ ਚੀਜਾਂ
ਹੋਣ ਤੋਂ ਸੌ ਸਾਲਾਂ
ਪਹਿਲਾਂ ਲਿਖੀਆਂ,
ਸਭ ਕੁਝ ਯਸਾਯਾਹ ਨੇ
ਮਸੀਹਾ ਦੇ ਬਾਰੇ ਕਿਹਾ
ਸੱਚ ਹੋ ਜਾਵੇਗਾ।
14

ਯਸਾਯਾਹ ਨੇ ਆਖਿਆ ਪਰਮੇਸ਼ਵਰ ਆਪ ਤੁਹਾਨੂੰ ਨਿਸ਼ਾਨ ਦੇਵੇਗਾ। ਉਸਨੇ ਆਖਿਆ,



"ਵੇਖੋ ਇੱਕ ਕੁਆਰੀ ਗਰਭਵੰਤੀ ਹੋਵੇਗੀ ਅਤੇ ਪੁੱਤਰ ਜਣੇਗੀ ਅਤੇ ਉਸ ਨੂੰ ਇਮਾਨੂੰਏਲ ਬੁਲਾਵੇਗੀ।" ਲੋਕ ਜਾਣ ਗਏ ਕੀ ਯਸਾਯਾਹ ਪਰਮੇਸ਼ਵਰ ਦੇ ਮਸੀਹਾ



ਬਾਰੇ ਗੱਲ ਕਰ ਰਿਹਾ ਹੈ ਕਿਉਂਕਿ ਇਹ ਨਹੀਂ ਹੋ ਸਕਦਾ ਇੱਕ ਔਰਤ ਕੁਆਰੀ ਵੀ ਹੋਵੇ ਅਤੇ ਉਸਦੇ ਬੱਚਾ ਹੋਵੇ!

15



ਜਦ ਉਹ ਬੱਚਾ ਸਾਡੇ ਲਈ ਪੈਦਾ ਹੋਵੇ, ਜਦ ਉਹ ਪੁੱਤਰ ਸਾਨੂੰ ਦਿੱਤਾ ਜਾਵੇ; ਅਤੇ ਪਾਤਸ਼ਾਹੀਆਂ ਉਸਦੇ ਮੋਡਿਆ ਤੇ ਹੋਣਗੀਆਂ। ਅਤੇ ਉਸਦਾ ਨਾ ਚਮਤਕਾਰੀ, ਸਲਾਹਕਾਰ, ਜੋਰਾਵਰ ਪਰਮੇਸ਼ਵਰ, ਹਮੇਸ਼ਾਂ ਦਾ ਪਿਤਾ, ਸ਼ਾਂਤੀ ਦਾ ਰਾਜਕੁਮਾਰ।" ਯਸਾਯਾਹ ਬਹੁਤ ਦ੍ਰਿੜ੍ਹ ਸੀ ਕੀ ਪਰਮੇਸ਼ਵਰ ਦਾ ਵਾਇਦਾ ਪੂਰਾ ਹੋ ਜਾਵੇਗਾ, ਉਹ ਇਸ ਤ੍ਰਰਾਂ ਬੋਲਿਆ ਜਿਵੇ ਸਮਾਂ ਪੂਰਾ ਹੋ ਗਿਆ ਹੋਵੇ। ਇਸ ਨੂੰ ਭਵਿੱਖਵਾਣੀ ਕਹਿੰਦੇ ਹਨ।

16

ਯਸਾਯਾਹ ਨੇ ਆਖਿਆ ਕੀ ਪਰਮੇਸ਼ਵਰ ਮਹਾਨ ਹੋਵੇਗਾ ਅਤੇ ਮਹਾਨ ਚੀਜਾਂ ਕਰੇਗਾ। ਪਰਮੇਸ਼ਵਰ ਨੇ ਯਸਾਯਾਹ ਨੂੰ ਲੋਕਾ ਨੂੰ ਇਹ ਵੀ ਕਹਿਣ ਲਈ ਆਖਿਆ ਕੀ ਮਸੀਹਾ ਦੁੱਖ ਝੱਲੇਗਾ ਅਤੇ ਮਾਰ ਦਿੱਤਾ ਜਾਵੇਗਾ। ਸ਼ਾਇਦ ਯਸਾਯਾਹ ਹੈਰਾਨ ਹੋਵੇਗਾ ਕੀ ਮਸੀਹਾ ਕਿਵੇਂ ਮਹਾਨ ਅਤੇ ਤਾਕਤਵਰ ਅਤੇ ਨਾਲੇ ਕਮਜ਼ੋਰ ਅਤੇ ਜ਼ਖਮੀ ਹੋਵੇਗਾ। ਪਰ ਯਸਾਯਾਹ ਨੇ ਪਰਮੇਸ਼ਵਰ ਨਾਲ ਵਾਦ-ਵਿਵਾਦ ਨਹੀ ਕੀਤਾ - ਉਸਨੇ ਕੇਵਲ ਉਵੇਂ ਹੀ ਵਾਰ ਵਾਰ ਕਹਿ ਦਿੱਤਾ ਜਿਵੇਂ ਪਰਮੇਸ਼ਵਰ ਨੇ ਉਸਨੂੰ ਕਿਹਾ ਸੀ। ਪਰਮੇਸ਼ਵਰ ਇਹ ਜ਼ਰੂਰ ਕਰੇਗਾ ਕੀ ਉਸਦੀ ਭਵਿੱਖਵਾਣੀ ਪੂਰੀ ਹੋ ਜਾਵੇ।



17

ਮਸੀਹਾ ਆ ਰਿਹਾ ਸੀ - ਸਿਰਫ਼ ਯਹੂਦੀ ਲੋਕਾਂ ਹੀ ਲਈ ਨਹੀਂ। ਪਰਮੇਸ਼ਵਰ ਨੇ ਯਸਾਯਾਹ ਨੂੰ ਆਖਿਆ ਕੀ ਮਸੀਹਾ ਹੋਰਾਂ ਜਾਤੀਆਂ ਲਈ ਚਾਨਣ ਹੋਵੇਗਾ। ਜਿਹੜੇ ਲੋਕ ਸੰਸਾਰ ਵਿੱਚ ਯਹੂਦੀ ਨਹੀ ਹਨ ਉਹ ਸਾਰੇ ਹੋਰ ਜਾਤੀਆਂ ਹਨ। ਪਰਮੇਸ਼ਵਰ ਸਾਰਿਆਂ ਨੂੰ ਪਿਆਰ ਕਰਦਾ ਹੈ ਅਤੇ ਮਸੀਹਾ ਸਾਰਿਆਂ ਨੂੰ ਆਸ਼ੀਸ਼ ਦੇਣ ਆਵੇਗਾ ਅਤੇ ਧਰਤੀ ਦੇ ਅੰਤ ਤੱਕ ਮੁਕਤੀ ਲਿਆਵੇਗਾ।



18

ਯਸਾਯਾਹ ਭਵਿੱਖ ਵੇਖਦਾ ਹੈ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਸਾਯਾਹ ਦੀ ਕਿਤਾਬ 1, 6, 7, 9, 53

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜ਼ੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ, ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।